BRAMPTON Flower City
brampton.ca

media release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਦਾ ਐਫ.ਡੀ.ਆਈ. ਦਾ ਸਫ਼ਰ – ਅਗਲਾ ਸਟੈੱਪ – ਪੁਰਤਗਾਲ ਵਿੱਚ ਵੈਬ ਸਮਿਟ

ਬ੍ਰੈਂਪਟਨ, ਓਨਟੈਰੀਓ (31 ਅਕਤੂਬਰ, 2019) – ਅਗਲੇ ਹਫ਼ਤੇ, ਮੇਅਰ ਪੈਟਰਿਕ ਬ੍ਰਾਊਨ ਅਤੇ ਰੀਜਨਲ ਕਾਉਂਸਲਰਸ ਮਾਰਟਿਨ ਮੇਡੇਇਰੋਸ (Martin Medeiros) ਅਤੇ ਪਾੱਲ ਵਿਸੇਂਟ (Paul Vicente) ਪੁਰਤਗਾਲ ਵਿੱਚ, ਦੁਨੀਆ ਦੀ ਸਭ ਤੋਂ ਵੱਡੀ ਤਕਨੀਕੀ ਕਾਨਫਰੰਸ, ਵੈਬ ਸਮਿਟ 2019 (Web Summit 2019) ਵਿੱਚ ਸ਼ਾਮਲ ਹੋਣ ਲਈ, ਬ੍ਰੈਂਪਟਨ ਦੇ ਫੌਰਨ ਡਾਇਰੈਕਟ ਇਨਵੈਸਟਮੈਂਟ (ਐਫ.ਡੀ.ਆਈ.) (Foreign Direct Investment) (FDI) ਦੇ ਸਫ਼ਰ ਨੂੰ ਵਿਦੇਸ਼ ਲੈ ਕੇ ਜਾਣਗੇ।

ਤਕਨੀਕੀ ਕੰਪਨੀਆਂ, ਤੇਜ਼ੀ ਨਾਲ ਵਧਣ ਵਾਲੇ ਸਟਾਰਟਅਪਸ ਦੇ ਸੰਸਥਾਪਕਾਂ ਅਤੇ ਸੀ.ਈ.ਓ. (CEO), ਪਾਲਸੀ ਬਣਾਉਣ ਵਾਲਿਆਂ ਅਤੇ ਰਾਜ ਦੇ ਪ੍ਰਮੁੱਖਾਂ, ਅਤੇ 1,200 ਸਪੀਕਰਾਂ ਸਮੇਤ 70,000 ਤੋਂ ਵੱਧ ਸ਼ਾਮਲ ਹੋਣ ਵਾਲਿਆਂ ਦੇ ਨਾਲ, ਵੈਬ ਸਮਿਟ (Web Summit) ਤਕਨੀਕੀ ਉਦਯੋਗ ਨੂੰ ਨਵਾਂ ਰੂਪ ਦੇਣ ਵਾਲੇ ਲੋਕਾਂ ਅਤੇ ਕੰਪਨੀਆਂ ਨੂੰ ਇਕੱਠੇ ਲਿਆਵੇਗਾ।

ਇਨੋਵੇਸ਼ਨ ਅਤੇ ਟੈਕਨੋਲੋਜੀ ਅਜਿਹਾ ਮੁੱਖ ਸੈਕਟਰ ਹੈ, ਜੋ ਬ੍ਰੈਂਪਟਨ ਵਿੱਚ ਉੱਨਤੀ ਕਰ ਰਿਹਾ ਹੈ। ਵੈਬ ਸਮਿਟ, ਸਿਟੀ ਦੇ ਨੁਮਾਇੰਦਿਆਂ ਨੂੰ ਉਦਯੋਗ ਦੇ ਮੁੱਖ ਪੇਸ਼ੇਵਰਾਂ ਨਾਲ ਜੁੜਨ ਅਤੇ ਬ੍ਰੈਂਪਟਨ ਵਿੱਚ ਨਿਵੇਸ਼ ਦੇ ਮੌਕੇ ਸਾਂਝੇ ਕਰਨ ਦਾ ਮੌਕਾ ਮੁਹੱਈਆ ਕਰੇਗਾ। ਟੋਰੋਂਟੋ-ਵਾਟਰਲੂ ਇਨੋਵੇਸ਼ਨ ਕੋਰੀਡੋਰ (Toronto-Waterloo Innovation Corridor) ਦੇ ਕੇਂਦਰ ਵਿੱਚ ਸਥਿਤ, ਬ੍ਰੈਂਪਟਨ ਆਪਣਾ ਖੁਦ ਦਾ ਇਨੋਵੇਸ਼ਨ ਈਕੋਸਿਸਟਮ (Innovation Ecosystem) ਵਿਕਸਿਤ ਕਰ ਰਿਹਾ ਹੈ, ਜਿਸ ਵਿੱਚ ਸ਼ਾਮਲ ਹੈ:

- ਰੋਜਰਸ ਸਾਈਬਰ ਸਿਕਿਓਰ ਕੈਟਾਲਿਸਟ (Rogers Cyber Secure Catalyst)
- ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ (Brampton Entrepreneur Centre) (ਵਿਚਾਰ ਕਰਨ ਅਤੇ ਮਿਲ ਕੇ ਕੰਮ ਕਰਨ ਦੀ ਥਾਂ)
- ਗਲੋਬਲ ਲੀਡਰ ਦੀ ਅਗਵਾਨੀ ਵਿੱਚ ਨਵਾਂ ਸਟਾਰਟਅਪ ਇਨਕਿਉਬੇਟਰ
- ਨਵੇਂ ਸੈਂਟਰ ਫਾਰ ਇਨੋਵੇਸ਼ਨ (Centre for Innovation) ਵਿੱਚ $150M ਦਾ ਨਿਵੇਸ਼
- ਸਕੇਲ-ਅਪ ਇਨਕਿਉਬੇਟਰ
- ਬ੍ਰੈਂਪਟਨ ਨੂੰ ਟੋਰੋਂਟੋ ਅਤੇ ਵਾਟਰਲੂ ਨਾਲ ਜੋੜਦੇ ਹੋਏ ਗੋ ਟ੍ਰੇਨ (Go Train) ਸਟੇਸ਼ਨ ਦੇ ਨਾਲ ਲੱਗਦੇ, ਡਾਊਨਟਾਊਨ ਬ੍ਰੈਂਪਟਨ ਵਿੱਚ "ਇਨੋਵੇਸ਼ਨ ਡਿਸਟ੍ਰਿਕਟ" ਦੀ ਬ੍ਰਾਂਡਿੰਗ

ਸਤੰਬਰ ਵਿੱਚ, ਸਿਟੀ ਆਫ ਬ੍ਰੈਂਪਟਨ ਨੇ ਬੋਸਟਨ ਵਿੱਚ ਮੈਡਟੈਕ ਕਾਨਫਰੰਸ ਵਿੱਚ ਆਪਣੇ ਐਫ.ਡੀ.ਆਈ. ਕਾਰਜਨੀਤੀ ਨਿਵੇਸ਼ ਮਿਸ਼ਨਾਂ ਦੀ ਸ਼ੁਰੂਆਤ ਕੀਤੀ। (In September, the City of Brampton launched its FDI strategy investment missions at the MedTech Conference in Boston)। ਇਸਦੇ ਬਾਅਦ, ਕੋਲੋਜਨ, ਜਰਮਨੀ ਵਿੱਚ, ਸਿਟੀ ਦੇ ਨੁਮਾਇੰਦੇ ਅਨੁਗਾ ਫੂਡ ਫੇਅਰ ਵਿੱਚ ਸ਼ਾਮਲ ਹੋਏ (City representatives attended the Anuga Food Fair), ਜਿੱਥੇ ਟੀਮ ਨੇ ਦਰਜਨਾਂ ਨਿਵੇਸ਼-ਕੇਂਦਰਿਤ ਕਾਰਪੋਰੇਟ ਮੀਟਿੰਗਾਂ ਵਿੱਚ ਹਿੱਸਾ ਲਿਆ, ਬ੍ਰੈਂਪਟਨ ਦੇ ਉਹਨਾਂ ਕਾਰੋਬਾਰੀਆਂ ਨਾਲ ਜੁੜੇ, ਜੋ ਆਪਣੇ ਸੰਚਾਲਨਾਂ ਦਾ ਵਿਸਤਾਰ ਕਰਨ ਦੇ ਟੀਚੇ ਨਾਲ ਅਨੁਗਾ ਵਿੱਚ ਸ਼ਾਮਲ ਹੋਏ ਸਨ, ਅਤੇ ਕਈ ਨਵੇਂ ਸੰਪਰਕ ਬਣਾਏ, ਜਿਹਨਾਂ ਨਾਲ ਸਟਾਫ਼ ਸੰਪਰਕ ਕਰ ਰਿਹਾ ਹੈ।

ਐਫ.ਡੀ.ਆਈ. ਕਾਰਜਨੀਤੀ ਸਿਟੀ ਦੇ ਇਕੋਨੋਮਿਕ ਡੈਵਲੈਪਮੈਂਟ ਮਾਸਟਰ ਪਲਾਨ (ਈ.ਡੀ.ਐਮ.ਪੀ.) City's Economic Development Master Plan (EDMP) ਅਤੇ ਬ੍ਰੈਂਪਟਨ 2040 ਵਿਜ਼ਨ (Brampton 2040 Vision) ਦੇ ਟੀਚੇ ਪ੍ਰਦਾਨ ਕਰਨ ਲਈ ਮਹੱਤਵਪੂਰਨ ਹੈ। ਐਫ.ਡੀ.ਆਈ. ਖਾਸ ਤੌਰ ਤੇ, ਸਪਲਾਈ ਚੇਨ ਵਿੱਚ ਅੰਤਰਾਲਾਂ ਨੂੰ ਦੂਰ ਕਰੇਗੀ, ਟੈਕਸ ਆਧਾਰ ਨੂੰ ਵੰਨ-ਸੁਵੰਨਾ ਕਰੇਗੀ, ਆਰਥਿਕ ਵਾਧੇ ਦਾ ਪ੍ਰਸਾਰ ਕਰੇਗੀ ਅਤੇ ਗਲੋਬਲ ਰੂਪ ਨਾਲ ਅਜਿਹੀ ਮੁਕਾਬਲੇਦਾਰ ਥਾਂ ਦੇ ਤੌਰ ਤੇ ਬ੍ਰੈਂਪਟਨ ਦੀ ਪ੍ਰੋਫਾਈਲ ਵਿੱਚ ਵਾਧਾ ਵੀ ਕਰੇਗੀ, ਜਿਸ ਵਿੱਚ ਕਾਰੋਬਾਰ ਕੀਤਾ ਜਾ ਸਕੇ। ਐਫ.ਡੀ.ਆਈ., ਸਿਟੀ ਦੇ ਸਾਰੇ ਨਿਵਾਸੀਆਂ ਨੂੰ ਫਾਇਦਾ ਪਹੁੰਚਾਉਂਦੇ ਹੋਏ, ਸ਼ਹਿਰ ਵਿੱਚ ਨਵੇਂ ਨਿਵੇਸ਼ ਅਤੇ ਨੌਕਰੀਆਂ ਨੂੰ ਵੀ ਆਕਰਸ਼ਿਤ ਕਰੇਗਾ।

ਬ੍ਰੈਂਪਟਨ ਦੇ ਐਫ.ਡੀ.ਆਈ. ਯਤਨਾਂ ਵਿੱਚ ਸਿਟੀ ਦੇ ਮੁੱਖ ਸੈਕਟਰਾਂ ਤੇ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ: ਹੈਲਥ ਐਂਡ ਲਾਈਫ ਸਾਇੰਸਿਜ (Health and Life Sciences), ਐਡਵਾਂਸਡ ਮੈਨਯੁਫੈਕਚਰਿੰਗ (ਫੂਡ ਐਂਡ ਬੈਵਰੇਜ ਮੈਨਯੁਫੈਕਚਰਿੰਗ ਸਮੇਤ) (Advanced Manufacturing (including Food and Beverage Manufacturing)), ਅਤੇ ਇਨੋਵੇਸ਼ਨ ਐਂਡ ਟੈਕਨੋਲੋਜੀ (Innovation and Technology)।

**ਹਵਾਲੇ**

"ਬ੍ਰੈਂਪਟਨ, ਸਾਡੇ ਸ਼ਹਿਰ ਵਿੱਚ ਮਜ਼ਬੂਤ ਇਨੋਵੇਸ਼ਨ ਈਕੋਸਿਸਟਮ ਦਾ ਨਿਰਮਾਣ ਕਰਨ ਲਈ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਬ੍ਰੈਂਪਟਨ ਕਾਉਂਸਿਲ ਨੇ ਸਾਡਾ ਆਪਣਾ "ਇਨੋਵੇਸ਼ਨ ਡਿਸਟ੍ਰਿਕਟ" ਵਿਕਸਿਤ ਕਰਨ ਲਈ ਸਹਿਮਤੀ ਦਿੱਤੀ ਹੈ। ਅਸੀਂ ਪੁਰਤਗਾਲ ਵਿੱਚ ਵੈਬ ਸਮਿਟ ਵਿੱਚ ਇਨੋਵੇਸ਼ਨ ਅਤੇ ਟੈਕਨੋਲੋਜੀ ਵਿੱਚ ਲੀਡਰਾਂ ਦੇ ਨਾਲ ਮਿਲ ਕੇ ਕੰਮ ਕਰਨ ਦੇ ਮੌਕੇ ਲਈ ਅਤੇ ਸਾਡੇ ਵੱਲੋਂ ਇਸ ਸੈਕਟਰ ਵਿੱਚ ਕੀਤੇ ਸ਼ਾਨਦਾਰ ਕੰਮ ਬਾਰੇ ਦੁਨੀਆ ਨੂੰ ਦੱਸਣ ਲਈ ਉਤਸ਼ਾਹਿਤ ਹਾਂ। ਅਸੀਂ ਇਨੋਵੇਸ਼ਨ ਵਿੱਚ ਲੀਡਰ ਬਣਨ ਦੀ ਰਾਹ ਤੇ ਹਾਂ, ਅਤੇ ਇਨੋਵੇਸ਼ਨ ਕੋਰੀਡੋਰ ਦੇ ਕੇਂਦਰ ਵਿੱਚ ਸਥਿਤ ਸਾਡਾ ਸਥਾਨ, ਸਾਨੂੰ ਨਵੇਂ ਨਿਵੇਸ਼ ਲਈ ਆਦਰਸ਼ ਸਥਾਨ ਬਣਾਉਂਦਾ ਹੈ।"

\- *ਮੇਅਰ ਪੈਟਰਿਕ ਬ੍ਰਾਉਨ* (Patrick Brown)

"ਕਾਉਂਸਿਲ ਸਾਡੀ ਸਿਟੀ ਵਿੱਚ ਹੋਰ ਨਿਵੇਸ਼ ਲਿਆਉਣ ਵਾਸਤੇ ਤੇਜ਼ੀ ਨਾਲ ਸਾਡੇ ਐਫ.ਡੀ.ਆਈ. ਤੇ ਧਿਆਨ ਕੇਂਦਰਿਤ ਕਰਨ ਲਈ ਵਚਨਬੱਧ ਹੈ। ਵਧਦਾ ਕਾਰੋਬਾਰੀ ਭਾਈਚਾਰਾ, ਬ੍ਰੈਂਪਟਨ ਵਿੱਚ ਹਰ ਕਿਸੇ ਲਈ ਫਾਇਦੇਮੰਦ ਹੈ। ਇਹ ਸਾਡੀ ਸਿਟੀ ਦੀ ਖੁਸ਼ਹਾਲੀ ਅਤੇ ਅਰਥਚਾਰੇ ਲਈ ਵੀ ਮਹੱਤਵਪੂਰਨ ਹੈ।"

\- *ਰੀਜਨਲ ਕਾਉਂਸਲਰ ਗੁਰਪ੍ਰੀਤ ਐਸ. ਢਿੱਲੋਂ* (Gurpreet Dhillon), *ਚੇਅਰ, ਇਕੋਨੋਮਿਕ ਡੈਵਲੈਪਮੈਂਟ ਕਮੇਟੀ*

"ਅਸੀਂ ਜਰਮਨੀ ਵਿੱਚ ਅਨੁਗਾ ਫੂਡ ਫੇਅਰ ਵਿੱਚ ਕਈ ਨਵੇਂ ਸਬੰਧ ਬਣਾਏ ਹਨ। ਮੈਂ ਪੁਰਤਗਾਲ ਵਿੱਚ ਵੈਬ ਸਮਿਟ ਲਈ ਸਾਡੇ ਸਫਰ ਨੂੰ ਲੈ ਕੇ ਉਤਸ਼ਾਹਿਤ ਹਾਂ। ਐਫ.ਡੀ.ਆਈ. ਦੇ ਹਰੇਕ ਮਿਸ਼ਨ ਦੇ ਨਾਲ, ਅਸੀਂ ਨਵੇਂ ਸਬੰਧ ਬਣਾ ਰਹੇ ਹਾਂ ਅਤੇ ਪੂਰੀ ਦੁਨੀਆ ਤੋਂ ਬ੍ਰੈਂਪਟਨ ਦੇ ਮੁੱਖ ਸੈਕਟਰਾਂ ਵਿੱਚ ਬਿਜਨੇਸ ਲੀਡਰਾਂ ਦੇ ਨਾਲ ਰਿਸ਼ਤੇ ਕਾਇਮ ਕਰ ਰਹੇ ਹਾਂ। ਸਾਡਾ ਸਟਾਫ਼ ਹਰੇਕ ਸੰਪਰਕ ਦੇ ਨਾਲ ਸੰਪਰਕ ਕਰ ਰਿਹਾ ਹੈ ਅਤੇ ਅਸੀਂ ਜਿਹਨਾਂ ਰਿਸ਼ਤਿਆਂ ਦਾ ਨਿਰਮਾਣ ਕਰ ਰਹੇ ਹਾਂ, ਉਹ ਭਵਿੱਖ ਵਿੱਚ ਸਾਡੇ ਸ਼ਹਿਰ ਵਿੱਚ ਫੌਰਨ ਡਾਇਰੈਕਟ ਇਨਵੈਸਟਮੈਂਟ ਵੱਲ ਵਧਣਗੇ।"

\- *ਕਲੇਅਰ ਬਰਨੇਟ* (Clare Barnett), *ਡਾਇਰੈਕਟਰ, ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ

ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca